# India-Luxembourg Virtual Summit

November 17, 2020

# ਭਾਰਤ-ਲਕਸਮਬਰਗ ਦਾ ਵਰਚੁਅਲ ਸਿਖਰ ਸੰਮੇਲਨ

17 ਨਵੰਬਰ, 2020

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਲਕਸਮਬਰਗ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਜ਼ੇਵੀਅਰ ਬੇਟੈਲ ਦਰਮਿਆਨ 19 ਨਵੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਸਿਖਰ ਸੰਮੇਲਨ ਹੋਵੇਗਾ।

2. ਭਾਰਤ ਅਤੇ ਲਕਸਮਬਰਗ ਵਿਚਾਲੇ ਹੋਣ ਵਾਲਾ ਇਹ ਸਿਖਰ ਸੰਮੇਲਨ ਪਿਛਲੇ ਦੋ ਦਹਾਕਿਆਂ ਵਿੱਚ ਹੋ ਰਿਹਾ ਪਹਿਲਾ ਸਟੈਂਡ ਅਲੋਨ ਸਿਖਰ ਸੰਮੇਲਨ ਹੋਵੇਗਾ। ਦੋਨੋਂ ਆਗੂ COVID ਤੋਂ ਬਾਅਦ ਦੀ ਦੁਨੀਆ ਵਿੱਚ ਭਾਰਤ-ਲਕਸਮਬਰਗ ਭਾਈਵਾਲੀ ਨੂੰ ਮਜ਼ਬੂਤ ਕਰਨ ਸਮੇਤ ਸਮੁੱਚੇ ਦੁਵੱਲੇ ਸੰਬੰਧਾਂ ਬਾਰੇ ਵਿਚਾਰ ਵਟਾਂਦਰੇ ਕਰਨਗੇ। ਉਹ ਆਪਸੀ ਹਿਤ ਦੇ ਆਲਮੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕਰਨਗੇ।

3. ਭਾਰਤ ਅਤੇ ਲਕਸਮਬਰਗ ਨੇ ਪਿਛਲੇ ਕੁਝ ਸਮੇਂ ਤੋਂ ਉੱਚ ਪੱਧਰੀ ਵਟਾਂਦਰੇ ਜਾਰੀ ਰੱਖੇ ਹਨ। ਦੋਨਾਂ ਪ੍ਰਧਾਨ ਮੰਤਰੀਆਂ ਨੇ ਪਹਿਲਾਂ ਤਿੰਨ ਵਾਰ ਮੁਲਾਕਾਤ ਕੀਤੀ ਹੈ।

ਨਵੀਂ ਦਿੱਲੀ
17 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.